
ਸੰਵਾਦ-19 (ਜਨਵਰੀ-ਜੂਨ 2024) ISSN : 2395-1273 **www.sanvad.org**

# ਚਾਲ਼ੀ ਦਿਨ/ਡਾ. ਗੁਰਪ੍ਰੀਤ ਧੁੱਗਾ

ਇਹ ਡਾ. ਗੁਰਪ੍ਰੀਤ ਸਿੰਘ ਧੁੱਗਾ ਦੀ ਉਂਜ਼ ਦੂਸਰੀ ਰਚਨਾ ਹੈ, ਪਰ ਸਾਹਿਤ ਸਬੰਧੀ ਪਹਿਲੀ ਸਾਹਿਤਕ ਕ੍ਰਿਤ ਹੈ। ਇਸ ਨੂੰ 'ਦਸਤਾਵੇਜ਼-ਏ-ਜ਼ਿੰਦਗੀ' ਵੀ ਕਿਹਾ ਗਿਆ ਹੈ। ਇਹ ਰਸੂਲ ਹਮਜ਼ਾਤੋਵ ਦੀ 'ਮੇਰਾ ਦਾਗਸਿਤਾਨ' ਵਰਗੀ ਐਸੀ ਪੁਸਤਕ ਹੈ, ਜਿਸ ਨੂੰ ਕਿਸੇ ਵੀ ਵਿਧਾ ਵਿਚ ਬੰਨਣਾ ਮੁਸ਼ਕਿਲ ਹੈ। ਲੇਖਕ ਨੇ ਪੁਸਤਕ ਦੇ ਸ਼ੁਰੂ ਵਿਚ ਇਸ ਨੂੰ ਜ਼ਿੰਦਗੀ ਦੇ ਤੱਥਾਂ ਨੂੰ ਸਮਝਣ ਤੇ ਸਾਂਝਾ ਕਰਨ ਵਾਲੀ ਰਚਨਾ ਕਿਹਾ ਹੈ। ਇਹ ਪੁਸਤਕ ਆਪਣੇ ਅਸਲੀ ਆਰੰਭ ਤੋਂ ਪਹਿਲਾਂ ਆਪਣੇ ਮਕਸਦ ਨੂੰ ਸੰਬੋਧਿਤ ਹੈ। ਭਾਵ ਲੇਖਕ ਆਪਣੀ ਲਿਖਤ ਲਿਖੇ ਜਾਣ ਦੇ ਅਸਲ ਆਧਾਰ ਤੇ ਕਾਰਨ ਨੂੰ ਸਪੱਸ਼ਟ ਕਰਦਾ ਹੈ। ਪੁਸਤਕ ਦਾ ਨਾਮ 'ਚਾਲੀ ਦਿਨ' ਸਾਡੇ ਇਤਿਹਾਸ-ਮਿਥਿਹਾਸ ਤੇ ਲੋਕ ਵਿਸ਼ਵਾਸ ਨਾਲ ਸਬੰਧਿਤ ਹੈ। ਚਾਲੀ ਦਿਨ/ਚਾਲੀਸਾ ਦਾ ਸਮਾਂ ਕਿਸੇ ਸ਼ੁਭ ਜਾਂ ਧਾਰਮਿਕ ਕਾਰਜ ਨੂੰ ਸਮਰਪਿਤ ਮੰਨਿਆ ਜਾਂਦਾ ਹੈ। ਇਸ ਪੁਸਤਕ ਦਾ ਸਮਾਂ-ਸਥਾਨ ਦੇਸ਼ ਵੰਡ ਤੋਂ ਤੁਰੰਤ ਬਾਅਦ ਸਾਡੇ ਮੌਜੂਦਾ ਪੰਜਾਬ ਨਾਲ ਸਬੰਧਿਤ ਹੈ। ਇਸ ਪੁਸਤਕ ਵਿਚ ਕੇਸਰ ਇਕ ਫ਼ਕੀਰ ਦੀ ਅਗਵਾਈ ਵਿਚ ਆਪਣੇ ਘਰੋਂ ਨਿਕਲ ਗਏ ਬਾਪ ਦੀ ਭਾਲ ਵਿਚ ਨਿਕਲਦਾ ਹੈ। ਕੇਸਰ ਨੂੰ ਸਫ਼ਰ ਦੌਰਾਨ ਵਾਰ-ਵਾਰ ਆਪਣੇ ਬਚਪਨ ਦੀ ਦੋਸਤ ਜੀਤੀ ਨਾਲ ਜੁੜੀ ਭਾਵੁਕ ਸਾਂਝ ਦਾ ਵੀ ਚੇਤਾ ਆਉਂਦਾ ਹੈ। ਚਾਲੀ ਦਿਨਾਂ/ਸਵਾ ਮਹੀਨੇ ਵਿਚ ਕੇਸਰ ਪੂਰੀ ਤਰ੍ਹਾਂ ਫ਼ਕੀਰ ਦੀ ਸੋਚ ਦੇ ਰੰਗ ਵਿਚ ਰੰਗਿਆ ਜਾਂਦਾ ਹੈ। ਆਖ਼ਰੀ ਅਧਿਆਇ 'ਢਲਦੇ ਪਰਛਾਵੇਂ' ਵਿਚ ਸਪੱਸ਼ਟ ਹੁੰਦਾ ਹੈ ਕਿ ਕੇਸਰ ਦਾ ਬਾਪ ਕਦੇ ਸਾਧ ਬਣ ਗਿਆ ਸੀ। ਇਹ ਸਾਧ ਹੀ ਕੇਸਰ ਨੂੰ ਯਾਤਰਾ 'ਤੇ ਲੈ ਜਾਂਦਾ ਹੈ। ਆਖ਼ੀਰ ਯਾਤਰਾ ਵੀ ਪੂਰੀ ਹੋ ਜਾਂਦੀ ਹੈ ਤੇ ਬਾਪ/ਫ਼ਕੀਰ ਵੀ ਪੂਰੇ ਹੋਏ ਵਿਖਾਈ ਦਿੰਦੇ ਹਨ।

ਸਮੁੱਚਾ ਬਿਰਤਾਂਤ ਕੁਦਰਤ ਦੇ ਭੂਗੋਲ/ਜ਼ਖ਼ੀਰੇ ਨੂੰ ਉਤਸ਼ਾਹਿਤ ਵੀ ਕਰਦਾ ਹੈ ਤੇ ਇਸ ਦੀ ਤਰਫ਼ਦਾਰੀ ਵੀ। ਇਸ ਰਚਨਾ ਵਿਚ ਕਲਾਸਿਕ ਨਾਵਲਾਂ ਵਰਗੀ ਫਲਸਫ਼ਾਨਾ ਰੰਗਤ ਹੈ। ਇਹ ਪੁਸਤਕ ਜੀਵਨ ਜਿਊਣ ਸਬੰਧੀ ਇਕ ਫਲਸਫ਼ੇ ਸਾਮਾਨ ਹੈ। ਮਨੁੱਖੀ ਜੀਵਨ ਨੂੰ ਸੰਸਾਰ ਵਿਚ ਆਉਣ-ਜਾਣ ਦਾ ਇਕ ਸਰਾਂ/ਮੇਲਾ ਕਿਹਾ ਗਿਆ ਹੈ। ਜਿਵੇਂ ਕੁਦਰਤ ਦੇ ਵੱਖ-ਵੱਖ ਵਰਤਾਰੇ ਬੰਦੇ ਦੇ ਜੀਵਨ ਨੂੰ ਹਰਾ-ਭਰਾ ਕਰਨ ਤੇ ਸਕੂਨ ਦੇਣ ਵਾਲੇ ਹਨ, ਇਵੇਂ ਹੀ ਮਨੁੱਖੀ ਜੀਵਨ ਦਾ ਅਸਲ ਮਕਸਦ ਕਿਸੇ ਦੂਜੇ ਦੇ ਕੰਮ ਆਉਣਾ ਮੰਨਿਆ ਗਿਆ ਹੈ। ਅਸੀਂ ਆਪਣੀਆਂ ਬੇਲਾਗ ਇੱਛਾਵਾਂ ਕਰਕੇ ਹੀ ਦੁੱਖ ਭੋਗ ਰਹੇ ਹਾਂ। ਕਿਉਂਕਿ ਅਸੀਂ ਸੰਜਮੀ ਨਹੀਂ ਲਾਲਚੀ ਹਾਂ। ਸਮੁੱਚੀ ਰਚਨਾ ਬੰਦੇ ਨੂੰ




**ਪ੍ਰਕਾਸ਼ਕ**
ਔਟਮ ਆਰਟ
ਪਟਿਆਲਾ
ਸਾਲ : 2023
ਮੁੱਲ : 200
ਪੰਨੇ : 155


**ਰੀਵਿਊਕਾਰ**
**ਡਾ. ਮਹਿਲ ਸਿੰਘ**
ਪ੍ਰਿੰਸੀਪਲ
ਖ਼ਾਲਸਾ ਕਾਲਜ
ਅੰਮ੍ਰਿਤਸਰ
98722-66667
khalsacollegeamristar@yahoo.com

ਕੁਦਰਤ ਦੀ ਗੋਦ ਮੁਤਾਬਕ ਸਹਿਜ, ਸੁਹਿਰਦ ਤੇ ਮਾਨਵੀਂ ਹੋਣ ਦਾ ਸੁਨੇਹਾ ਦਿੰਦੀ ਹੈ। ਇਸ ਵਿਚ ਸੂਫ਼ੀਆਨਾ ਜੀਵਨ-ਜਾਚ ਦੀ ਤਰਫ਼ਦਾਰੀ ਕੀਤੀ ਗਈ ਹੈ। ਜੀਵਨ ਵਿਚ ਸੰਜਮੀ ਤੇ ਹਲੀਮੀ ਵਾਲੇ ਮੁੱਲਾਂ ਨੂੰ ਉਭਾਰਿਆ ਗਿਆ ਹੈ। ਇਹ ਰਚਨਾ ਵਿਵਾਦੀ ਹੋਣ ਦੀ ਥਾਂ ਸੰਵਾਦੀ ਨਜ਼ਰੀਏ ਦੇ ਪੱਖ ਵਿਚ ਹੈ। ਦੁੱਖਾਂ ਨੂੰ ਜ਼ਿੰਦਗੀ ਵਿਚ ਲੂਣ ਸਾਮਾਨ ਮੰਨਿਆ ਗਿਆ ਹੈ। ਜੀਵਨ ਨਾ ਸਿੱਧੀ ਤੋਰ ਵਿਚ ਦੁੱਖਾਂ ਰਹਿਤ ਹੈ ਤੇ ਨਾ ਹੀ ਕੇਵਲ ਦੁੱਖਾਂ ਦਾ ਘਰ। ਵੱਡੇ ਦਿਲ ਨਾਲ ਜੀਵਨ ਜਿਊਣ ਵਿਚ ਦੁੱਖ ਛੋਟੇ ਹੋ ਜਾਂਦੇ ਹਨ। ਇਸ ਵਿਚ ਭਵਿੱਖ ਦਾ ਡਰ ਛੱਡ ਕੇ ਵਰਤਮਾਨ ਉੱਤੇ ਧਿਆਨ ਕੇਂਦਰਿਤ ਕਰਨ ਦਾ ਸੁਨੇਹਾ ਹੈ। ਜ਼ਿੰਦਗੀ ਵਿਚ ਪਿਆਰ-ਮੁਹੱਬਤ ਤੇ ਸੱਚੇ ਦੋਸਤ ਜਾਂ ਰਾਹਗੀਰ ਨੂੰ ਨਿਆਮਤ ਕਿਹਾ ਗਿਆ ਹੈ। ਸਵਰਗ ਨੂੰ ਕੇਵਲ ਮਨ ਦੀ ਅਵਸਥਾ ਮੰਨਿਆ ਗਿਆ ਹੈ। ਇਸ ਨੂੰ ਕਿਸੇ ਭੂਗੋਲਿਕ ਅਸਥਾਨ ਵਜੋਂ ਖੋਜਣ ਦੀ ਲੋੜ ਨਹੀਂ ਹੈ। ਇਹ ਇਕ ਨੈਤਿਕ ਜਾਂ ਸੁਚੱਜਾ ਮੁੱਲ-ਪ੍ਰਬੰਧ ਸਿਰਜਣ ਵਾਲੀ ਵਿਸ਼ੇਸ਼ ਰਚਨਾ ਹੈ। ਇਹ ਪੜ੍ਹਨਯੋਗ ਵੀ ਹੈ ਤੇ ਸਾਂਭਣਯੋਗ ਵੀ।

◈

ਸੰਵਾਦ-19 (ਜਨਵਰੀ-ਜੂਨ 2024) ISSN : 2395-1273 www.sanvad.org

# ਇਕ ਸੱਚੇ ਕਾਮਰੇਡ ਦਾ ਇਕਲਾਪਾ/
## ਜਗਵਿੰਦਰ ਜੋਧਾ (ਸੰਪਾ.)




**ਪ੍ਰਕਾਸ਼ਕ**
ਪੰਜ ਆਬ ਪ੍ਰਕਾਸ਼ਨ
ਜਲੰਧਰ
ਸਾਲ : 2023
ਮੁੱਲ : 150
ਪੰਨੇ : 136
**ਰੀਵਿਊਕਾਰ**
**ਡਾ. ਮਹਿਲ ਸਿੰਘ**
ਪ੍ਰਿੰਸੀਪਲ
ਖ਼ਾਲਸਾ ਕਾਲਜ
ਅੰਮ੍ਰਿਤਸਰ
98722-66667

ਇਸ ਸੰਪਾਦਿਤ ਪੁਸਤਕ ਵਿਚ ਬਲਬੀਰ ਪਰਵਾਨਾ ਦੀਆਂ ਨੌਂ ਕਹਾਣੀਆਂ ਦਰਜ਼ ਹਨ। ਸੱਤ ਕਹਾਣੀਆਂ ਕਮਿਊਨਿਸਟ ਲਹਿਰ ਬਾਰੇ ਹਨ। ਦੋ ਕਹਾਣੀਆਂ ਅਜੋਕੀ ਨਵੀਂ ਕਿਸਮ ਦੀ ਜੀਵਨ ਜਾਚ ਸਬੰਧੀ ਹਨ। ਇਹ ਸਾਰੀਆਂ ਕਹਾਣੀਆਂ ਪਹਿਲਾਂ ਵੱਖ-ਵੱਖ ਮੈਗਜ਼ੀਨਾਂ ਵਿਚ ਛੱਪ ਚੁੱਕੀਆਂ ਹਨ। ਉਪਰੋਕਤ ਪੁਸਤਕ ਵਿਚ ਪਹਿਲੀ ਕਹਾਣੀ 'ਇਕ ਸੱਚੇ ਕਾਮਰੇਡ ਦਾ ਇਕਲਾਪਾ' ਹੈ। ਇਸ ਵਿਚ ਮੁੱਖ ਪਾਤਰ ਦੇ ਨਾਲ ਹੋਰਨਾਂ ਨੇ ਕੀ ਤੁਰਨਾ ਸੀ, ਉਹ ਖ਼ੁਦ ਘਰ-ਪਰਿਵਾਰ ਵਿਚ ਵੀ ਇਕੱਲਾ ਰਹਿ ਜਾਂਦਾ ਹੈ। ਇਹ ਪਾਤਰ ਰੋਜ਼ ਆਪਣੇ ਨਾਲ ਹੋਈ-ਬੀਤੀ ਦੀ ਡਾਇਰੀ ਲਿਖਦਾ ਹੈ। ਇਹ ਕਹਾਣੀ ਉਸ ਸੱਚ ਦਾ ਪ੍ਰਗਟਾਅ ਹੈ ਕਿ ਕਿਵੇਂ ਪਾਰਟੀ ਨਾਲ ਜੁੜੇ ਕਾਮਰੇਡ ਆਪਣੀਆਂ ਲੀਡਰੀਆਂ ਤੇ ਚੌਧਰਾਂ ਕਾਇਮ ਰੱਖਣ ਲਈ ਹੋਰਨਾਂ ਪਾਰਟੀਆਂ ਦੇ ਨੇਤਾਵਾਂ ਨਾਲ ਹੇਲ-ਮੇਲ ਹੋਏ ਨਜ਼ਰ ਆਉਂਦੇ ਹਨ। ਪਾਰਟੀ ਨਾਲ ਜੁੜੇ ਸੁਹਿਰਦ ਤੇ ਇਮਾਨਦਾਰ ਕਾਰਕੁੰਨ ਇਕੱਲੇ ਰਹਿ ਜਾਂਦੇ ਹਨ ਤੇ ਆਖ਼ੀਰ ਬੇ-ਪਛਾਣ ਜੀਵਨ ਜਿਊਂਦੇ ਹਨ। 'ਇਨਕਾਰ' ਕਹਾਣੀ ਯੂਨੀਵਰਸਿਟੀ ਤੋਂ ਸੇਵਾ-ਮੁਕਤ ਹੋਏ ਅਗਾਂਹਵਧੂ ਪ੍ਰੋਫ਼ੈਸਰ ਨਾਲ ਜੁੜੀ ਹੋਈ ਹੈ। ਇਹ ਪ੍ਰੋਫੈਸਰ ਆਪਣੀ ਅਗਾਂਹਵਧੂ ਤੇ ਮਾਨਵੀਂ ਸੋਚ ਕਾਰਣ ਵਿਵਸਥਾ ਵਿਰੋਧੀ ਸੁਰ ਰੱਖਦਾ ਹੈ। ਇਸ ਕਾਰਣ ਵਿਵਸਥਾ ਵੀ ਆਪਣੀ ਸੀ.ਆਈ.ਡੀ. ਰਾਹੀਂ ਪ੍ਰੋਫ਼ੈਸਰ ਉੱਤੇ ਨਿਗਾਹ ਰੱਖਦੀ ਹੈ। ਪ੍ਰੋਫ਼ੈਸਰ ਦੀ ਸੋਚ ਤੇ ਵਿਚਾਰਧਾਰਾਈ ਦ੍ਰਿਸ਼ਟੀ ਦੇ ਕਈ ਵਿਦਿਆਰਥੀ ਵੀ ਅਨੁਸਾਰੀ ਹਨ। ਪ੍ਰੋਫ਼ੈਸਰ ਸੇਵਾ-ਮੁਕਤ ਹੋ ਕੇ ਮੁੜ ਆਪਣੇ ਪਿੰਡ ਰਹਿਣ ਲੱਗਦਾ ਹੈ। ਉਹ ਇਕ ਤਰ੍ਹਾਂ ਨਾਲ ਵਿਵਸਥਾ ਦੀ ਚੱਲ ਰਹੀ ਚੱਕੀ ਤੋਂ ਇਨਕਾਰੀ ਹੋਇਆ ਵੱਖਰਾ ਖਲੋਤਾ ਨਜ਼ਰ ਆਉਂਦਾ ਹੈ। ਉਂਜ਼ ਇਸ ਕਹਾਣੀ ਵਿਚ ਕੋਈ ਵੱਡਾ ਤਣਾਅ ਜਾਂ ਟਕਰਾਅ ਨਹੀਂ ਹੈ। ਤੀਸਰੀ ਕਹਾਣੀ 'ਆਪਨੜੈ ਗਿਰੀਵਾਨ ਮਹਿ' ਵਿਚ ਨਕਸਲੀ ਲਹਿਰ ਨਾਲ ਹੋਈ ਕਤਲੋਗਾਰਤ ਦੇ ਅੱਗੇ ਪਏ ਪ੍ਰਭਾਵ ਨਾਲ ਸਬੰਧਿਤ ਹੈ। ਚੌਥੀ ਕਹਾਣੀ ਕਾਮਰੇਡ ਮੇਹਰ ਸਿੰਘ ਨੂੰ ਇਕ ਰੋਲ ਮਾਡਲ ਵਜੋਂ ਪੇਸ਼ ਕਰਦੀ ਹੈ। ਪੰਜਵੀਂ ਕਹਾਣੀ 'ਪਿਤਾ' ਪੀੜ੍ਹੀ-ਪਾੜ੍ਹੇ ਤੇ ਨਵੀਂ ਤੇ ਵੱਖਰੀ ਸੋਚਣੀ ਉੱਤੇ ਆਧਾਰਿਤ ਹੈ। ਮੈਂ ਪਾਤਰ ਦੀ ਬੇਟੀ ਸਿਮਰਨ ਆਪਣੇ ਦੋਸਤ ਨਾਲ ਲਿਵ-ਇਨ-ਰਿਲੇਸ਼ਨਸ਼ਿਪ ਮੁਤਾਬਕ ਜੀਵਨ ਬਤੀਤ ਕਰਦੀ ਹੈ। ਅਗਾਂਹਵਧੂ ਵਿਚਾਰਧਾਰਾ ਨਾਲ ਜੁੜਿਆ ਮੈਂ ਪਾਤਰ ਨਾ ਕੇਵਲ ਆਪਣੀ ਧੀ ਦੇ ਅਜੇਹੇ ਵਤੀਰੇ ਤੋਂ ਆਚੰਭਿਤ ਹੈ, ਸਗੋਂ ਨਿਰਾਸ਼ ਵੀ।


ਛੇਵੀਂ ਕਹਾਣੀ 'ਸਾਇਨ-ਵੈਲਯੂ ਦਾ ਜਲੌਅ' ਨੌਕਰੀ ਵਿਚ ਤਰੱਕੀ ਕਰ ਗਏ ਪਾਤਰ ਦੇ ਜਲੌਅ ਨਾਲ ਸਬੰਧਿਤ ਹੈ। 'ਦੀਨ ਕੇ ਹੇਤ' ਕਹਾਣੀ ਵੀ ਕਾਮਰੇਡ ਘਨਸ਼ਾਮ ਦੀ ਮੰਦੀ ਹਾਲਤ ਨਾਲ ਸਬੰਧਿਤ ਹੈ। ਸੁਹਿਰਦ ਪਾਰਟੀ ਵਰਕਰ ਸਮੇਂ ਦੇ ਗੇੜ ਨਾਲ ਕਿਵੇਂ ਆਪਣੀ ਦਰ-ਗੁਜ਼ਰ ਕਰਨ ਲਈ ਮੰਗਤਿਆਂ ਵਾਂਗ ਆਪਣੇ ਦੋਸਤਾਂ ਤੋਂ ਫੰਡ ਮੰਗਦੇ ਨਜ਼ਰ ਆਉਂਦੇ ਹਨ। 'ਗਲੇਸ਼ੀਅਰ' ਕਹਾਣੀ ਅਖ਼ਬਾਰੀ ਜਗਤ ਵਿਚ ਪੈਦਾ ਹੋਈਆਂ ਮੰਡੀ ਰੁਚੀਆਂ ਨਾਲ ਸਬੰਧਿਤ ਹੈ। ਹਰ ਅਖ਼ਬਾਰ ਆਪਣੇ ਇਸ਼ਤਿਹਾਰ ਤੇ ਸਪਲੀਮੈਂਟ ਵਧਾਉਣ ਦੇ ਰੁਝਾਣ ਵਿਚ ਪੈ ਜਾਂਦੀ ਹੈ। ਇਸ ਨਾਲ ਅਖ਼ਬਾਰਾਂ ਨਾਲ ਜੁੜੇ ਸੁਹਿਰਦ ਵਰਕਰ ਨਿਰਾਸ਼ ਹੋਏ ਵਿਖਾਈ ਦੇਂਦੇ ਹਨ। ਆਖਰੀ ਕਹਾਣੀ 'ਬੰਦ ਗੇਟ ਤੇ ਵਿਚਾਰਾ ਇਨਕਲਾਬ' ਵਿਚ ਕੌਮਨਿਸਟ ਪਾਰਟੀਆਂ ਦੇ ਪਾਰਟੀ ਦਫ਼ਤਰ ਬੰਦ ਹੋਏ ਵਿਖਾਈ ਦਿੰਦੇ ਹਨ। ਪੰਜਾਬ ਵਿਚ ਉੱਠੇ ਅੱਤਵਾਦ ਤੇ ਵੱਖਵਾਦ ਲਈ ਕਿਵੇਂ ਅਗਾਂਹਵਧੂ ਲਹਿਰਾਂ ਨੂੰ ਸੱਟ ਮਾਰੀ ਸੀ। ਇਹ ਕਹਾਣੀ ਅਜਿਹੇ ਸੱਚ ਦਾ ਪ੍ਰਗਟਾਅ ਹੈ। ਇਸ ਪੁਸਤਕ ਦੀਆਂ ਵਧੇਰੇ ਅਰਥਾਤ ਸੱਤ ਕਹਾਣੀਆਂ ਇਨਕਲਾਬੀ ਵਿਚਾਰਧਾਰਾ ਨਾਲ ਜੁੜੇ ਪਾਤਰਾਂ ਦੇ ਜੀਵਨ ਅਤੇ ਕਮਿਊਨਿਸਟ ਪਾਰਟੀਆਂ ਵਿਚ ਆਏ ਨਿਘਾਰ, ਨਿਰਾਸ਼ਾ ਤੇ ਦੁਰਦਸ਼ਾ ਨਾਲ ਸਬੰਧਿਤ ਹਨ। 'ਪਿਤਾ' ਅਤੇ 'ਸਾਈਨ ਵੈਲਯੂ ਦਾ ਜਲੌਅ' ਕਹਾਣੀਆਂ ਅਜੋਕੇ ਸਮਾਜ ਦੀਆਂ ਨਵੀਆਂ ਕਦਰਾਂ-ਕੀਮਤਾਂ ਨਾਲ ਸਬੰਧਿਤ ਹਨ। ਬਾਕੀ ਸੱਤੇ ਕਹਾਣੀਆਂ ਕਮਿਊਨਿਸਟ ਲਹਿਰ ਨਾਲ ਜੁੜੇ ਪਾਤਰਾਂ ਦੇ ਮੁਲਾਂਕਣੀ ਲੇਖੇ-ਜੋਖੇ ਨਾਲ ਸਬੰਧਿਤ ਹਨ। ਅਜਿਹੀਆਂ ਪਾਰਟੀਆਂ ਤੇ ਇਨ੍ਹਾਂ ਨਾਲ ਸਬੰਧਿਤ ਕਾਰਕੁੰਨ ਨਵੇਂ ਹਾਲਾਤ ਦੇ ਵੇਗ ਵਿਚ ਕਿਵੇਂ ਬੀਤੇ ਦੀ ਸ਼ੈਅ ਬਣ ਜਾਂਦੇ ਹਨ, ਇਨ੍ਹਾਂ ਕਹਾਣੀਆਂ ਵਿਚੋਂ ਅਜਿਹੇ ਤੱਥ ਤੇ ਸੱਚ ਉਭਰਦੇ ਹਨ। ਪਰਵਾਨਾ ਖੁਦ ਖੱਬੇ ਪੱਖੀ ਵਿਚਾਰਧਾਰਾ ਨਾਲ ਸਬੰਧਿਤ ਹੋਇਆ ਖੱਬੇ ਪੱਖੀਆਂ ਦੇ ਨਿਘਾਰ ਸਬੰਧੀ ਜੁੱਰਅਤ ਨਾਲ ਲਿਖਣ ਵਾਲਾ ਲੇਖਕ ਹੈ। ਅਜਿਹੀਆਂ ਪੁਸਤਕਾਂ ਸਾਨੂੰ ਆਪਣੇ ਬੀਤੇ ਸਮੇਂ ਵਿਚ ਉੱਠੀਆਂ ਲਹਿਰਾਂ/ਵਿਚਾਰਧਾਰਾਵਾਂ ਨੂੰ ਜਾਣਨ-ਵਾਚਨ ਦਾ ਜਰੀਆ ਬਣਦੀਆਂ ਹਨ। ਇਸ ਮਹੱਤਵ ਵਿਚ ਹੀ ਇਨ੍ਹਾਂ ਦੀ ਸਾਰਥਕਤਾ ਹੈ। ਵਧੇਰੇ ਕਹਾਣੀਆਂ 'ਮੈਂ' ਪਾਤਰ ਦੇ ਰੂਪ ਵਿਚ ਉੱਤਮ-ਪੁਰਖੀ ਬਿਰਤਾਂਤ ਹਨ। ਅਜਿਹੀ ਰੂਪ-ਰਚਨਾ ਵਾਲੀਆਂ ਕਹਾਣੀਆਂ ਸਵੈ-ਜੀਵਨੀ ਦੀ ਜੁਗਤ ਵਿਚ ਹੋਣ ਕਰਕੇ ਵਧੇਰੇ ਯਥਾਰਥਕ ਵੀ ਲੱਗਦੀਆਂ ਹਨ ਤੇ ਸੁਭਾਵਕ ਵੀ। ਕਹਾਣੀਆਂ ਤੋਂ ਇਲਾਵਾ ਪੁਸਤਕ ਦੇ ਸੰਪਾਦਕ ਡਾ. ਜਗਵਿੰਦਰ ਜੋਧਾ ਦੀ ਖੱਬੇ-ਪੱਖੀ ਲਹਿਰ ਬਾਰੇ ਲਿਖੀ ਭੂਮਿਕਾ ਵੀ ਪੜ੍ਹਨਯੋਗ ਤੇ ਸਮਝਣਯੋਗ ਹੈ।

◈

ਸੰਵਾਦ-19 (ਜਨਵਰੀ-ਜੂਨ 2024) ISSN : 2395-1273 **www.sanvad.org**

# ਮੈਂ ਮਿੱਟੀ ਨਹੀਂ/ਬਲਦੇਵ ਸਿੰਘ

ਬਲਦੇਵ ਸਿੰਘ ਦਾ ਨਾਵਲੀ ਸਫ਼ਰ ਪਿਛਲੇ ਤਕਰੀਬਨ ਸਾਢੇ ਚਾਰ ਦਹਾਕਿਆਂ ਤੋਂ ਰਵਾਂ-ਦਵਾਂ ਹੈ। ਇਹ ਤੇਜ਼ੀ ਨਾਲ ਲਿਖਣ ਵਾਲਾ ਨਾਵਲਕਾਰ ਹੈ। ਪਿਛਲੇ ਕੁਝ ਸਾਲਾਂ ਵਿਚ ਬਲਦੇਵ ਸਿੰਘ ਦੇ ਇਕੋ ਹੀ ਸਾਲ ਵਿਚ ਕਈ-ਕਈ ਨਾਵਲ ਪ੍ਰਕਾਸ਼ਿਤ ਹੋ ਰਹੇ ਹਨ। ਮੈਂ ਮਿੱਟੀ ਨਹੀਂ ਇਸ ਦਾ ਬੱਤੀਵਾਂ ਨਾਵਲ ਹੈ। ਇਹ ਨਾਵਲ ਸਾਡੇ ਅਜੋਕੇ ਵਿਦਿਅਕ ਅਦਾਰਿਆਂ ਅਤੇ ਵਿਦਿਆਰਥੀ ਜੀਵਨ ਵਿਚ ਫ਼ੈਲ ਰਹੇ ਨਵੇਂ ਰੁਝਾਣ ਨਾਲ ਸਬੰਧਿਤ ਹੈ। ਇਸ ਵਿਚ ਅਸ਼ੋਕ ਬੱਤਰਾ, ਗੋਲਡੀ ਬਰਾੜ, ਸੁਰਮਨੀ ਤੇ ਮੇਘ ਰਾਜ ਚਾਰ ਮੁੱਖ ਪਾਤਰ ਹਨ। ਅਸ਼ੋਕ ਬੱਤਰਾ ਵਿਦਿਆਰਥੀ ਯੂਨੀਅਨ ਦਾ ਆਗੂ ਹੈ। ਇਸ ਦੇ ਮਾਪਿਆਂ ਦਾ 'ਬੱਤਰਾ ਐਂਡ ਬੱਤਰਾ ਬਰਾਂਡ' ਤਹਿਤ ਵੱਡਾ ਕਾਰੋਬਾਰ ਹੈ। ਇਨ੍ਹਾਂ ਦੇ ਇੱਟਾਂ ਦੇ ਭੱਠੇ, ਸ਼ੋਅਰੂਮ ਅਤੇ ਮਲਟੀ-ਕੰਪਲੈਕਸ ਹਨ। ਸ਼ਹਿਰ ਵਿਚ 'ਬੱਤਰਾ ਐਂਡ ਬੱਤਰਾ ਬਰਾਂਡ' ਦਾ ਆਪਣਾ ਇਕ ਪੂਰਾ ਸਾਮਰਾਜ ਹੈ। ਗੋਲਡੀ ਬਰਾੜ ਸਾਬਕਾ ਐਮ.ਐਲ.ਏ. ਦਾ ਵਿਗੜਿਆ ਹੋਇਆ ਕਾਕਾ ਹੈ। ਇਹ ਜੱਦੀ-ਪੁਸ਼ਤੀ ਵੱਡੇ ਜਿੰਮੀਂਦਾਰ ਦਾ ਪੁੱਤਰ ਹੈ। ਸੁਰਮਨੀ ਬਲੈਕੀਏ ਫੈਜ਼ਲਪੁਰੀਏ ਦੀ ਕੁੜੀ ਹੈ। ਇਸ ਦੇ ਪਿਉ ਤੇ ਭਰਾ ਚਿੱਟੇ ਤੇ ਹੋਰ ਨਸ਼ਿਆਂ ਦੇ ਵੱਡੇ ਵਪਾਰੀ ਹਨ। ਸੁਰਮਨੀ ਸਵੈਮਾਨ ਭਰਪੂਰ ਖ਼ੁਦਦਾਰ ਕਿਸਮ ਦੀ ਲੜਕੀ ਹੈ। ਮੇਘ ਰਾਜ ਦਾ ਪਿਤਾ ਕਚਿਹਰੀ ਵਿਚ ਅਰਦਲੀ ਹੈ। ਇਹ ਵਿਦਿਆ ਰਾਹੀਂ ਆਪਣਾ ਭਵਿੱਖ ਬਣਾਉਣ ਲਈ ਸੁਹਿਰਦ, ਯਤਨ ਕਰਨ ਵਾਲਾ ਹੋਣਹਾਰ ਵਿਦਿਆਰਥੀ ਹੈ। ਬਾਕੀਆਂ ਲਈ ਕਾਲਜ ਐਜੂਕੇਸ਼ਨ ਟਾਈਮ ਪਾਸ ਹੀ ਹੈ। ਇਨ੍ਹਾਂ ਬਾਰੇ ਪਾਤਰਾਂ ਰਾਹੀਂ ਸਾਡੇ ਜਮਾਤੀ ਸਮਾਜ ਤੇ ਅਜੋਕੇ ਕਾਰੋਬਾਰਾਂ ਦਾ ਵੱਡਾ ਸੱਚ ਸਾਹਮਣੇ ਆਉਂਦਾ ਹੈ।




**ਪ੍ਰਕਾਸ਼ਕ**
ਯੂਨੀਸਟਾਰ ਬੁੱਕਸ
ਪ੍ਰਾਈਵੇਟ ਲਿਮਟਿਡ
ਐਸ.ਐਸ.ਏ. ਨਗਰ
ਮੋਹਾਲੀ
ਸਾਲ : 2023
ਮੁੱਲ : 250
ਪੰਨੇ : 221

**ਰੀਵਿਊਕਾਰ**
**ਡਾ. ਮਹਿਲ ਸਿੰਘ**
ਪ੍ਰਿੰਸੀਪਲ
ਖ਼ਾਲਸਾ ਕਾਲਜ
ਅੰਮ੍ਰਿਤਸਰ
98722-66667

ਨਾਵਲ ਦਾ ਆਰੰਭ ਕਾਲਜ ਵਿਚ ਗੋਲਡੀ ਬਰਾੜ ਦੇ ਗਰੁੱਪ ਵੱਲੋਂ ਰੈਗਿੰਗ ਨਾਲ ਹੁੰਦਾ ਹੈ। ਇਸ ਘਟਨਾ ਤੋਂ ਅੱਗੇ ਗੋਲਡੀ ਬਰਾੜ ਦੇ ਗਰੁੱਪ ਵੱਲੋਂ ਹੁੱਲੜਬਾਜ਼ੀ ਵੀ ਕੀਤੀ ਜਾਂਦੀ ਹੈ ਤੇ ਕੁੜੀਆਂ ਨਾਲ ਛੇੜ-ਛਾੜ ਵੀ। ਇਸ ਦੇ ਸਿੱਟੇ ਵਜੋਂ ਹੀ ਸੁਰਮਨੀ ਗੁੱਸੇ ਵਿਚ ਗੋਲਡੀ ਬਰਾੜ ਦੇ ਚਪੇੜ ਮਾਰ ਦਿੰਦੀ ਹੈ। ਇਸ ਘਟਨਾ ਦੀ ਅੜੇਸ ਤੋਂ ਹੀ ਅੱਗੇ ਬਿਰਤਾਂਤ ਕਈ ਦਿਸ਼ਾਵਾਂ ਵਿਚ ਫ਼ੈਲਦਾ ਹੈ।

ਸੁਰਮਨੀ ਦੀ ਮਾਨਸਿਕ ਤੇ ਬੌਧਿਕ ਸਾਂਝ ਮੇਘ ਰਾਜ ਨਾਲ ਹੈ। ਦੋਨੋਂ ਡਰਾਮੇ ਵਿਚ ਵੀ ਇਕੱਠੇ ਕੰਮ ਕਰਦੇ ਹਨ। ਅਸ਼ੋਕ ਬੱਤਰਾ ਵੀ ਸੁਰਮਨੀ ਦੀ ਖ਼ੂਬਸੂਰਤੀ ਉੱਤੇ ਮਰ ਮਿੱਟਦਾ ਹੈ। ਇਹ ਸੁਰਮਨੀ ਨਾਲ ਵਿਆਹ ਕਰਾਉਣ ਲਈ ਕਈ ਪਾਪੜ ਵੇਲਦਾ ਹੈ। ਅਸ਼ੋਕ ਬੱਤਰਾ ਤੇ ਗੋਲਡੀ ਬਰਾੜ ਦੋਵੇਂ ਮੇਘ ਰਾਜ ਨੂੰ ਸੁਰਮਨੀ ਤੋਂ ਦੂਰ ਰਹਿਣ ਦੇ ਡਰਾਵੇ ਦਿੰਦੇ ਹਨ। ਗੋਲਡੀ ਬਰਾੜ ਚਪੇੜ ਦੇ ਬਦਲੇ ਵਜੋਂ ਸੁਰਮਨੀ ਨਾਲ ਗੈਂਗ-ਰੇਪ ਕਰਵਾਉਂਦਾ ਹੈ। ਇਸ ਨਾਲ ਸੁਰਮਨੀ ਦਾ ਭਵਿੱਖ ਬੁਰੀ ਤਰ੍ਹਾਂ ਪ੍ਰਭਾਵਿਤ ਹੁੰਦਾ ਹੈ। ਇਹ ਬਿਕਰਮ ਨਾਂ ਦੇ ਕਾਮ-ਰੋਗੀ ਲੜਕੇ ਨਾਲ ਵਿਆਹੀ ਜਾਂਦੀ ਹੈ। ਬਿਕਰਮ ਦਾ ਪਰਿਵਾਰ ਵੀ ਨਸ਼ਿਆਂ ਦਾ ਵਪਾਰੀ ਹੈ। ਵਿਆਹ ਤੋਂ ਛੇਤੀ ਬਾਅਦ ਪਤੀ ਦੇ ਤਸ਼ੱਦਦ ਤੋਂ ਤੰਗ ਆਈ ਸੁਰਮਨੀ ਤਲਾਕ ਲੈ

ਲੈਂਦੀ ਹੈ। ਇਸ ਦਾ ਵਿਆਹ ਮੁੜ ਅਸ਼ੋਕ ਬੱਤਰਾ ਨਾਲ ਹੋ ਜਾਂਦਾ ਹੈ। ਅਸੋਕ ਬੱਤਰਾ ਤੇ ਗੋਲਡੀ ਬਰਾੜ ਦੇ ਗਰੁੱਪ ਦੀ ਆਪਣੀ ਪੁਰਾਣੀ ਖਹਿਬਾਜ਼ੀ ਕਾਰਣ ਇਕ ਵਿਆਹ ਸਮਾਗਮ ਵਿਚ ਲੜਾਈ ਹੋ ਜਾਂਦੀ ਹੈ। ਇਸ ਦੇ ਸਿੱਟੇ ਵਜੋਂ ਅਸੋਕ ਬੱਤਰਾ ਤੇ ਗੋਲਡੀ ਬਰਾੜ ਮਾਰੇ ਜਾਂਦੇ ਹਨ। ਸੁਰਮਨੀ ਮੁੜ ਤੋਂ ਵਿਧਵਾ ਹੋ ਜਾਂਦੀ ਹੈ। ਇਸ ਰੁਝਾਣ ਦੇ ਨਾਲ-ਨਾਲ ਮੇਘ ਰਾਜ ਬੀ.ਏ. ਕਰਕੇ ਪੀ.ਸੀ.ਐੱਸ. ਦੀ ਪ੍ਰੀਖਿਆ ਪਾਸ ਕਰ ਲੈਂਦਾ ਹੈ ਅਤੇ ਐਸ. ਡੀ.ਐਮ. ਲੱਗ ਜਾਂਦਾ ਹੈ।

ਨਾਵਲ ਦੀਆਂ ਅਜਿਹੀਆਂ ਬਿਰਤਾਂਤਕ ਤੰਦਾਂ ਅਜੋਕੇ ਪੰਜਾਬ ਵਿਚ ਫ਼ੈਲੇ ਭ੍ਰਿਸ਼ਟਾਚਾਰ ਅਤੇ ਅਨਾਚਾਰ ਦਾ ਪ੍ਰਗਟਾ ਹਨ। ਪੰਜਾਬ ਵਿਚ ਵੱਡੇ ਕਾਰੋਬਾਰੀਆਂ ਤੇ ਸਮੱਗਲਰਾਂ ਦੀ ਹੀ ਚੜ੍ਹਤ ਹੈ। ਵੱਡੇ ਘਰਾਂ ਦੇ ਕਾਕੇ ਆਪਣੀ ਹੈਂਕੜਬਾਜ਼ੀ ਤਹਿਤ ਮਨ-ਮਰਜ਼ੀਆਂ ਕਰਦੇ ਹਨ। ਅਜਿਹੇ ਰੁਝਾਣ ਵਿਚ ਹੀ ਇਹ ਆਪੋ ਵਿਚ ਲੜ-ਮਰ ਕੇ ਖ਼ਤਮ ਹੁੰਦੇ ਵਿਖਾਈ ਦਿੰਦੇ ਹਨ। ਕੋਈ ਕਤਲ ਰਾਹੀਂ ਮਾਰਿਆ ਜਾਂਦਾ ਹੈ। ਕੋਈ ਜੇਲ੍ਹ ਦੀ ਸਜ਼ਾ ਭੁਗਤਦਾ ਹੈ। ਕਿਸੇ ਦੀ ਗੈਂਗਰੈਪ ਰਾਹੀਂ ਜ਼ਿੰਦਗੀ ਬਰਬਾਦ ਹੋ ਜਾਂਦੀ ਹੈ। ਸਥਿਤੀ ਦਾ ਵਿਅੰਗ ਇਹ ਹੈ ਕਿ ਅਜਿਹੇ ਮਾਹੌਲ ਵਿਚ ਕੋਈ ਵੀ ਸੁਰੱਖਿਅਤ ਨਹੀਂ ਹੈ। ਬਲੈਕ ਤੇ ਵਪਾਰ ਦਾ ਧੰਦਾ ਭ੍ਰਿਸ਼ਟ ਵੀ ਹੈ ਤੇ ਅਨੈਤਿਕ ਵੀ। ਨਾਵਲ ਵਿਚ ਸਾਡਾ ਸਮਾਜ ਮਾਨਵੀਂ ਤੇ ਨੈਤਿਕ ਮੁੱਲਾਂ ਤੋਂ ਬੁਰੀ ਤਰ੍ਹਾਂ ਟੁੱਟ ਚੁੱਕਾ ਵਿਖਾਈ ਦਿੰਦਾ ਹੈ।

ਨਾਵਲ ਵਿਚ ਆਸ ਦੀ ਕਿਰਨ ਇਹ ਹੈ ਕਿ ਮੇਘ ਰਾਜ ਵਰਗਿਆਂ ਦੀ ਕਿਰਤੀ ਸ਼੍ਰੇਣੀ ਆਪਣੀ ਲਗਨ ਤੇ ਮਿਹਨਤ ਨਾਲ ਅੱਗੇ ਵੱਧਦੀ ਹੈ। ਮੇਘ ਰਾਜ ਵਰਗੇ ਪਾਤਰਾਂ ਦੇ ਸੰਗ-ਸਾਥ ਵਿਚ ਹੀ ਸੁਰਮਨੀ 'ਮਿੱਟੀ' ਬਣਨ ਦੀ ਥਾਂ ਮੁੜ ਅੱਗੇ ਪੜ੍ਹਨ ਦਾ ਤਹੱਈਆ ਕਰਦੀ ਹੈ। ਅਜਿਹੇ ਮਾਧਿਅਮ ਰਾਹੀਂ ਇਹ ਪੜ੍ਹਾਈ ਜਾਰੀ ਰੱਖ ਕੇ ਅੱਗੇ ਜਿਊਣਾ ਲੋਚਦੀ ਹੈ। ਇਹ 'ਮਿੱਟੀ' ਹੋਣ ਦੀ ਥਾਂ ਜਿਊਂਦੀ ਹੋਣ ਦਾ ਲਕਸ਼ ਪਾਲਦੀ ਹੈ। ਇਸ ਨਾਵਲ ਮੁਤਾਬਕ ਸਹਿਜ ਤੇ ਸੰਤੁਲਨ ਜੀਵਨ ਨੂੰ ਕਿਵੇਂ ਵੀ ਪੈਸੇ ਦੀ ਕਾਲਾ-ਬਾਜ਼ਾਰੀ, ਗੈਰ-ਸੰਜੀਦਗੀ ਤੇ ਹੈਂਕੜਬਾਜ਼ੀ ਮੰਜ਼ੂਰ ਨਹੀਂ ਹੈ।

ਬਲਦੇਵ ਸਿੰਘ ਆਪਣੀਆਂ ਸਮਕਾਲੀ ਸਮੱਸਿਆਵਾਂ ਨੂੰ ਤੇਜ਼ੀ ਨਾਲ ਆਪਣੇ ਨਾਵਲਾਂ ਵਿਚ ਸਮੇਟਣ ਵਾਲਾ ਨਾਵਲਕਾਰ ਹੈ। ਇਸ ਨਾਵਲ ਦੇ ਬਿਰਤਾਂਤਕ ਖਾਕੇ ਵਿਚ ਵਧੇਰੇ ਫ਼ੈਲਾਅ ਨਹੀਂ ਹੈ। ਇਸ ਵਿਚੋਂ ਨਿੱਕੀ ਕਹਾਣੀ ਵਾਂਗ 'ਇਕਹਿਰਾਪਣ' ਮਹਿਸੂਸ ਹੁੰਦਾ ਹੈ। ਬਤੌਰ ਨਾਵਲਕਾਰ ਬਲਦੇਵ ਸਿੰਘ ਦੀ ਪਹਿਚਾਣ ਕਦੀ ਆਪਣੇ ਨਾਵਲ ਲਾਲ ਬੱਤੀ (1998) ਤੇ ਅੰਨਦਾਤਾ (2002) ਦੇ ਛਪਣ ਨਾਲ ਹੀ ਬਣ ਗਈ ਸੀ। ਇਸ ਤੋਂ ਬਾਅਦ ਬਲਦੇਵ ਆਪਣੀ ਅਜਿਹੀ ਪਹਿਚਾਣ ਦੇ ਪਰਛਾਵੇਂ ਤਹਿਤ ਹੀ ਨਾਵਲੀ ਦੁਨੀਆਂ ਵਿਚ ਸਰਗਰਮ ਹੈ। ਇਸ ਦਾ ਨਾਵਲ ਮੈਂ ਮਿੱਟੀ ਨਹੀਂ ਸਮਾਜ ਵਿਚ ਔਰਤ ਨਾਲ ਹੁੰਦੀ ਦੁਰ-ਦਸ਼ਾ ਦੇ ਬਾਵਯੂਦ ਔਰਤ ਦੇ ਅੱਗੇ ਜਿਊਣ ਦੇ ਸਵੈ-ਭਰੋਸੇ ਨਾਲ ਸਬੰਧਿਤ ਹੈ। ਇਹ ਨਾਵਲ ਸਾਡੇ ਵਿਦਿਅਕ ਹੀ ਨਹੀਂ, ਸਾਡੇ ਅਜੋਕੇ ਭ੍ਰਿਸ਼ਟ ਸਮਾਜਕ ਤਾਣੇ-ਬਾਣੇ ਨੂੰ ਜਾਣਨ ਵਾਲੀ ਰਚਨਾ ਹੈ।


◈

ਸੰਵਾਦ-19 (ਜਨਵਰੀ-ਜੂਨ 2024) ISSN : 2395-1273 www.sanvad.org

# ਸਰਦਾਰ ਸੂਰਤ ਸਿੰਘ ਮਜੀਠੀਆ ਅਤੇ ਦੂਸਰਾ ਐਂਗਲੋ-ਸਿੱਖ ਯੁੱਧ

## ਹਰਭਜਨ ਸਿੰਘ ਚੀਮਾ

ਇਹ ਹਰਭਜਨ ਸਿੰਘ ਚੀਮਾ ਦੀ ਪੰਜਵੀਂ ਪੁਸਤਕ ਹੈ। ਸ੍ਰ. ਚੀਮਾ ਦੀਆਂ ਪਹਿਲਾਂ ਵੀ ਚਾਰ ਕਿਤਾਬਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਇਨ੍ਹਾਂ ਵਿਚੋਂ ਇਕ ਪੁਸਤਕ ਕਵਿਤਾ ਸਬੰਧੀ ਹੈ ਤੇ ਬਾਕੀ ਤਿੰਨ ਪੁਸਤਕਾਂ ਖ਼ਾਲਸਾ ਰਾਜ/ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਬੰਧੀ ਹਨ। ਸ੍ਰ. ਚੀਮਾ ਨੇ ਇਹ ਪੁਸਤਕਾਂ ਸਿੱਖੀ ਦੇ ਸਤਿਕਾਰ ਤੇ ਸਿੱਖ ਦ੍ਰਿਸ਼ਟੀ ਦੇ ਨੁਕਤਾ-ਨਿਗਾਹ ਤੋਂ ਲਿਖੀਆਂ ਹਨ। ਹਥਲੀ ਪੁਸਤਕ ਰਾਜਾ ਸੂਰਤ ਸਿੰਘ ਮਜੀਠੀਆ ਤੇ ਉਸ ਸਮੇਂ ਦੇ ਯੁੱਧਾਂ ਬਾਰੇ ਹੈ। ਲੇਖਕ ਨੇ ਮਜੀਠੀਆ ਪਰਿਵਾਰ ਦੇ ਪਿਛੋਕੜ ਬਾਰੇ ਵੀ ਝਾਤ ਪਾਈ ਹੈ। ਸ੍ਰ. ਚੀਮਾ ਮੁਤਾਬਕ ਸਰਦਾਰ ਸੂਰਤ ਸਿੰਘ ਮਜੀਠੀਆ ਦੇ ਪੜਦਾਦਾ ਸ੍ਰ. ਇੱਜ਼ਤ ਸਿੰਘ 1772 ਈਸਵੀ ਵਿਚ ਅਤੇ ਦਾਦਾ ਸ੍ਰ. ਫਤਹਿ ਸਿੰਘ 1800 ਈਸਵੀ ਵਿਚ ਸ਼ਹੀਦ ਹੋਏ ਸਨ। ਸ੍ਰ. ਸੂਰਤ ਸਿੰਘ ਦੇ ਪਿਤਾ ਸ੍ਰ. ਅੱਤਰ ਸਿੰਘ ਜੀ ਵੀ ਸਿੱਖ ਰਾਜ ਵੱਲੋਂ ਲੜਦਿਆਂ 1843 ਈਸਵੀ ਨੂੰ ਸ਼ਹੀਦ ਹੋਏ ਸਨ। ਮਜੀਠੀਆ ਪਰਿਵਾਰ ਦੇ ਪਿਛੋਕੜ ਦਾ ਸਮਾਂ 1750 ਤੋਂ ਬਾਅਦ ਸਿੱਖ ਮਿਸਲਾਂ ਦੇ ਉਥਾਨ/ਉਭੱਰਣ ਦਾ ਸੀ। ਇਸ ਤਰ੍ਹਾਂ ਇਹ ਦੱਸਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਮਜੀਠੀਆ ਘਰਾਣੇ ਦੇ ਵੱਡੇ-ਵਡੇਰੇ ਸਿੱਖ ਜੱਦੋ-ਜਹਿਦ ਵਿਚ ਸ਼ਾਮਿਲ ਵੀ ਸਨ ਤੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦਾ ਹਿੱਸਾ ਵੀ। ਸ੍ਰ. ਸੂਰਤ ਸਿੰਘ ਦਾ ਜੀਵਨ ਕਾਲ 1810-1881 ਤਕ ਦਾ ਹੈ। ਸ੍ਰ. ਸੂਰਤ ਸਿੰਘ ਮਜੀਠੀਆ ਨੂੰ ਵੀ 'ਵਰਿਆਮੀ ਜਰਨੈਲ' ਦੇ ਵਿਸ਼ੇਸ਼ਣ ਨਾਲ ਸੰਬੋਧਨ ਕੀਤਾ ਗਿਆ ਹੈ। ਲੇਖਕ ਮੁਤਾਬਕ ਸ੍ਰ. ਸੂਰਤ ਸਿੰਘ ਆਪਣੇ ਸੱਚੇ-ਸੁੱਚੇ ਸਿੱਖੀ ਆਚਰਣ ਕਰਕੇ ਖ਼ਾਲਸਾ ਫੌਜ ਅੰਦਰ ਬਹੁਤ ਸਤਿਕਾਰਿਆ ਜਾਂਦਾ ਸੀ। ਇਹ ਗੁਰੂ-ਘਰ ਦੇ ਪੱਕੇ ਨਿੱਤਨੇਮੀ, ਦਾਨੀ ਤੇ ਤਲਵਾਰ ਦੇ ਧਨੀ ਵਜੋਂ ਜਾਣੇ ਜਾਂਦੇ ਸਨ। ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਸ੍ਰ. ਸੂਰਤ ਸਿੰਘ ਨੇ ਖ਼ਾਲਸਾ ਦਰਬਾਰ ਦਾ ਪੂਰੀ ਵਫ਼ਾਦਾਰੀ ਨਾਲ ਸਾਥ ਦਿੱਤਾ ਸੀ।




**ਪ੍ਰਕਾਸ਼ਕ**
ਰਵੀ ਸਾਹਿਤ ਪ੍ਰਕਾਸ਼ਨ
ਅੰਮ੍ਰਿਤਸਰ
ਸਾਲ : 2024
ਮੁੱਲ : 375
ਪੰਨੇ : 200

**ਰੀਵਿਊਕਾਰ**
**ਡਾ. ਮਹਿਲ ਸਿੰਘ**
ਪ੍ਰਿੰਸੀਪਲ
ਖ਼ਾਲਸਾ ਕਾਲਜ
ਅੰਮ੍ਰਿਤਸਰ
98722-66667

ਇਸ ਪੁਸਤਕ ਦੀ ਖ਼ਾਸੀਅਤ ਮੇਰੇ ਤੇ ਹੋਰ ਪਾਠਕਾਂ ਲਈ ਦੋ ਵਿਸ਼ੇਸ਼ ਨਵੇਂ ਤੱਥਾਂ/ਪੱਖਾਂ ਕਰਕੇ ਹੈ। ਉਂਝ ਇਨ੍ਹਾਂ ਪੱਖਾਂ ਦੀ ਪ੍ਰਮਾਣਿਕਤਾ ਬਾਰੇ ਇਤਿਹਾਸ ਦੇ ਇਤਿਹਾਸਕਾਰਾਂ ਵਿਚ ਅੱਗੇ ਹੋਰ ਵਿਚਾਰ-ਚਰਚਾ ਵੀ ਹੋਵੇਗੀ। ਇਕ ਵੇਰਵਾ ਮਹਾਰਾਣੀ ਜਿੰਦਾਂ ਨੂੰ ਕੈਦ ਵਿਚੋਂ ਨਿਕਲਣ ਸਮੇਂ ਸ੍ਰ. ਸੂਰਤ ਸਿੰਘ ਮਜੀਠੀਆ ਦੀ ਮਦਦ ਸਬੰਧੀ ਹੈ। ਮਜੀਠੀਆ ਸਾਹਿਬ ਦੀ ਭੈਣ ਸੂਰਤੋ (ਸੂਰਤ ਕੌਰ) ਨੇ ਮਹਾਰਾਣੀ ਜਿੰਦਾਂ ਦੀ ਚੁਨਾਰ ਦੇ ਕਿਲ੍ਹੇ ਵਿਚੋਂ ਨਿਕਲਣ ਸਮੇਂ ਵੱਡੀ ਸਹਾਇਤਾ ਕੀਤੀ ਸੀ। ਇਸ ਸਹਾਇਤਾ ਪਿੱਛੇ ਵਿਉਂਤ ਤੇ ਪ੍ਰੇਰਣਾ ਸ੍ਰ. ਸੂਰਤ ਸਿੰਘ ਮਜੀਠੀਆ ਦੀ ਹੀ ਦੱਸੀ ਗਈ ਹੈ। ਇਹ ਤੱਥ ਅੱਗੇ ਇਤਿਹਾਸਕਾਰਾਂ ਦੀ ਬਹਿਸ ਲਈ ਘੋਖਣ-ਪਰਖਣ ਦੇ ਨਵੇਂ ਵਿਸ਼ੇ ਵਜੋਂ ਹੈ। ਦੂਜਾ ਵਿਸ਼ੇਸ਼ ਪੱਖ ਸ੍ਰ. ਸੂਰਤ ਸਿੰਘ ਦੀ ਨਜ਼ਰਬੰਦੀ ਅਤੇ 1857 ਦੇ ਵਿਦਰੋਹ ਸਬੰਧੀ ਹੈ, ਕਿਉਂਕਿ 1848 ਵਿਚ ਅੰਗਰੇਜ਼ਾਂ ਨੇ 99 ਹੋਰ ਸਰਦਾਰਾਂ ਤੇ ਅਹਿਲਕਾਰਾਂ ਦੇ ਨਾਲ-ਨਾਲ ਸ੍ਰ. ਸੂਰਤ ਸਿੰਘ ਮਜੀਠੀਆ ਨੂੰ ਵੀ

ਬਾਗੀਆਂ ਦੀ ਲਿਸਟ ਵਿਚ ਰੱਖਿਆ ਹੋਇਆ ਸੀ। ਅਜਿਹੇ ਬਾਗੀਆਂ ਦੀਆਂ ਪੈਨਸ਼ਨਾਂ ਘੱਟ ਜਾਂ ਬੰਦ ਕਰ ਦਿੱਤੀਆਂ ਗਈਆਂ ਸਨ। ਇਨ੍ਹਾਂ ਦੀਆਂ ਜਾਗੀਰਾਂ ਵੀ ਜ਼ਬਤ ਕਰ ਲਈਆਂ ਗਈਆਂ ਸਨ। ਅਜਿਹੇ ਮੋਹਤਬਰਾਂ ਤੇ ਨਾਇਕਾਂ ਨੂੰ ਅੰਗਰੇਜ਼ੀ ਸਰਕਾਰ ਆਪਣਾ ਵਿਰੋਧੀ ਮੰਨਦੀ ਸੀ। ਇਸ ਕਰਕੇ ਇਨ੍ਹਾਂ ਸਾਰਿਆਂ ਨੂੰ ਨਜ਼ਰਬੰਦ ਕਰ ਲਿਆ ਗਿਆ ਸੀ। ਆਪਣੀ ਨਜ਼ਰਬੰਦੀ ਸਮੇਂ ਸ੍ਰ. ਸੂਰਤ ਸਿੰਘ ਨੇ ਅੰਗਰੇਜ਼ਾਂ ਦੇ ਪਰਿਵਾਰਾਂ ਦੀਆਂ ਔਰਤਾਂ ਤੇ ਬੱਚਿਆਂ ਨੂੰ ਵਿਦਰੋਹੀਆਂ ਤੋਂ ਬਚਾਉਣ ਦਾ ਕਾਰਜ ਕੀਤਾ ਸੀ। ਲੇਖਕ ਮੁਤਾਬਕ ਕਿਉਂਕਿ ਸ੍ਰ. ਸੂਰਤ ਸਿੰਘ ਸਿੱਖੀ ਦਾ ਸੱਚਾ ਸਪੂਤ ਸੀ ਤੇ ਉਹ ਬੱਚਿਆਂ ਅਤੇ ਔਰਤਾਂ ਉੱਤੇ ਵਾਰ ਕਰਨ ਦੇ ਹੱਕ ਵਿਚ ਨਹੀਂ ਸੀ। ਇਸ ਕਰਕੇ ਸ੍ਰ. ਸੂਰਤ ਸਿੰਘ ਮਜੀਠੀਆ ਨੇ ਅੰਗਰੇਜ਼ਾਂ ਦੇ ਪਰਿਵਾਰਾਂ ਨੂੰ ਬਚਾਉਣ ਲਈ ਬਾਗੀਆਂ ਵਿਰੁੱਧ ਅਹਿਮ ਭੂਮਿਕਾ ਨਿਭਾਈ ਸੀ। ਇਸ ਘਟਨਾ ਦੇ ਸਿੱਟੇ ਵਜੋਂ ਹੀ ਸ੍ਰ. ਸੂਰਤ ਸਿੰਘ ਅੰਗਰੇਜ਼ਾਂ/ਅੰਗਰੇਜ਼ੀ ਰਾਜ ਨਾਲ ਨੇੜ੍ਹਤਾ ਬਣ ਜਾਂਦੀ ਹੈ। ਇਸ ਦੇ ਸਿੱਟੇ ਵਜੋਂ ਹੀ ਸ੍ਰ. ਸੂਰਤ ਸਿੰਘ ਨੂੰ ਜਾਗੀਰਾਂ ਤੇ ਪੈਨਸ਼ਨਾਂ ਬਹਾਲ ਹੋ ਜਾਂਦੀਆਂ ਹਨ। ਫਿਰ 1877 ਵਿਚ ਇਨ੍ਹਾਂ ਨੂੰ 'ਰਾਜਾ ਦੀ ਉਪਾਧੀ' ਦੇ ਨਾਲ-ਨਾਲ ਅੰਗਰੇਜ਼ਾਂ ਵੱਲੋਂ 'ਸਿਤਾਰਇ ਹਿੰਦ' ਦਾ ਵਿਸੇਸ਼ ਸਨਮਾਨ ਦਿੱਤਾ ਜਾਂਦਾ ਹੈ। ਇਸੇ ਕਰਕੇ ਹੀ ਇਨ੍ਹਾਂ ਦੇ ਨਾਮ ਨਾਲ 'ਰਾਜਾ' ਦਾ ਵਿਸ਼ੇਸ਼ਣ ਜੁੜਦਾ ਹੈ। ਰਾਜਾ ਸੂਰਤ ਸਿੰਘ ਬਾਰੇ ਅਜਿਹੀ ਜਾਣਕਾਰੀ ਇਤਿਹਾਸ ਦੇ ਅਜੋਕੇ ਖੋਜਾਰਥੀਆਂ ਲਈ ਨਵੀਂ ਵਾਕਫ਼ੀਅਤ ਹੈ।

ਸਮੁੱਚੀ ਪੁਸਤਕ ਵਿਚ ਰਾਜਾ ਸ੍ਰ. ਸੂਰਤ ਸਿੰਘ ਨੂੰ ਸੂਝਵਾਨ ਤੇ ਸ਼ਰਧਾਵਾਨ ਸਿੱਖ ਯੋਧੇ ਵਜੋਂ ਪੇਸ਼ ਕੀਤਾ ਗਿਆ ਹੈ। ਇਸ ਤਰ੍ਹਾਂ ਇਹ ਪੁਸਤਕ ਸ੍ਰ. ਸੂਰਤ ਸਿੰਘ ਮਜੀਠੀਆ ਦੇ ਜੀਵਨ ਬਾਰੇ ਹੈ। ਇਸ ਕਰਕੇ ਇਹ ਅਰਧ-ਜੀਵਨੀ ਰੂਪੀ ਪੁਸਤਕ ਜਾਪਦੀ ਹੈ। ਇਹ ਇਸ ਕਰਕੇ ਅਰਧ ਜੀਵਨੀ ਹੈ, ਕਿਉਂਕਿ ਇਸ ਵਿਚ ਸ੍ਰ. ਸੂਰਤ ਸਿੰਘ ਦਾ ਜੀਵਨ ਪਹਿਲੇ 63 ਪੰਨਿਆਂ ਤਕ ਹੀ ਸੀਮਿਤ ਹੈ। ਬਾਕੀ 137 ਪੰਨੇ ਅੰਗਰੇਜ਼ਾਂ ਤੇ ਸਿੱਖਾਂ ਦੀਆਂ ਲੜਾਈਆਂ ਦੇ ਹਨ। ਇਨ੍ਹਾਂ ਲੜਾਈਆਂ ਦੇ ਵਰਨਣ ਵਿਚ ਸ੍ਰ. ਸੂਰਤ ਸਿੰਘ ਸਬੰਧੀ ਵੇਰਵੇ ਨਾ-ਮਾਤਰ ਹੀ ਹਨ। ਇਹ ਪੁਸਤਕ ਤੱਥਾਂ/ਹਵਾਲਿਆਂ ਨਾਲ ਭਰਪੂਰ ਹੋਣ ਕਰਕੇ ਇਤਿਹਾਸਕ ਜਾਂ ਇਤਿਹਾਸ ਦਾ ਰੂਪ ਵੀ ਜਾਪਦੀ ਹੈ। ਇਹ ਜੀਵਨੀ, ਇਤਿਹਾਸ ਤੇ ਲੜਾਈਆਂ ਦੇ ਵਰਣਨ ਕਰਕੇ ਮਿਸ਼ਰਤ/ਮਿਲਗੋਭਾ ਪ੍ਰਭਾਵ ਵਾਲੀ ਪੁਸਤਕ ਹੈ। ਸ੍ਰ. ਚੀਮਾ ਕਿੱਤੇ ਵਜੋਂ ਸਰਕਾਰੀ ਅਫ਼ਸਰ ਵਜੋਂ ਸੇਵਾ-ਮੁਕਤ ਹੋਏ ਹਨ। ਇਹ ਪ੍ਰੋਫੈਸ਼ਨਲ ਇਤਿਹਾਸਕਾਰ ਨਹੀਂ ਹਨ। ਪਰ ਇਹ ਆਪਣੀ ਸਮੁੱਚੀ ਲੇਖਣੀ ਵਿਚ ਸਿੱਖ ਨਾਇਕਾਂ, ਸਿੱਖ ਜੱਦੋ-ਜਹਿਦ ਅਤੇ ਸਿੱਖ ਰਾਜ/ਮਹਾਰਾਜਾ ਰਣਜੀਤ ਸਿੰਘ ਦੇ ਵੱਡੇ ਉਪਾਸ਼ਕ ਹਨ। ਇਸ ਪੁਸਤਕ ਦੇ ਪੰਨਾ 64 ਤੋਂ 200 ਤਕ ਅੰਗਰੇਜ਼ਾਂ ਤੇ ਸਿੱਖਾਂ ਦੀਆਂ ਲੜਾਈਆਂ ਨੂੰ ਸਿੱਖ ਬਹਾਦਰੀ ਤੇ ਵਡਿਆਈ ਦੇ ਪੱਖ ਤੋਂ ਪੇਸ਼ ਕੀਤਾ ਗਿਆ ਹੈ। ਪਰ ਇਤਿਹਾਸ ਨਾਲ ਜੁੜੇ ਸੰਜੀਦਾ ਵਿਦਿਆਰਥੀ ਹੋਰ ਇਤਿਹਾਸਕ ਪੁਸਤਕਾਂ ਰਾਹੀਂ ਅਜਿਹੀਆਂ ਲੜਾਈਆਂ ਤੋਂ ਪਹਿਲਾਂ ਹੀ ਵਾਕਫ਼ ਹਨ। ਇਸ ਪੁਸਤਕ ਵਿਚ ਸਿੱਖ ਇਤਿਹਾਸ ਵਿਚ ਹੋਏ ਸਤਿਕਾਰਤ ਨਾਇਕਾਂ ਨਾਲ ਸਬੰਧਿਤ ਕੁਝ ਨਵੀਂ ਇਤਿਹਾਸਕ ਸਮੱਗਰੀ ਮੌਜੂਦ ਹੈ। ਇਹ ਪੁਸਤਕ ਸਿੱਖ ਇਤਿਹਾਸ ਵਿਚ ਦਿਲਚਸਪੀ ਰੱਖਣ ਵਾਲੇ ਖੋਜਾਰਥੀਆਂ ਲਈ ਇਕ ਸਮੱਗਰੀ-ਸ੍ਰੋਤ ਵੀ ਹੈ ਅਤੇ ਨਵੇਂ ਸੰਵਾਦ ਦੀ ਪ੍ਰੇਰਣਾ ਵੀ।

◈

ਸੰਵਾਦ-19 (ਜਨਵਰੀ-ਜੂਨ 2024) ISSN : 2395-1273 **www.sanvad.org**

# ਬਾਬਾ ਦੀਪ ਸਿੰਘ ਸ਼ਹੀਦ : ਮਹਾਂਨਾਇਕ ਦੀ ਜੀਵਨ ਗਾਥਾ

## ਕਰਨਲ ਹਰੀਸਿਮਰਨ ਸਿੰਘ (ਰਿਟਾ.)

ਕਰਨਲ ਹਰੀਸਿਮਰਨ ਸਿੰਘ (ਰਿਟਾ.) ਦੀ ਇਹ ਪੁਸਤਕ ਪਹਿਲਾਂ ਅੰਗਰੇਜ਼ੀ ਵਿਚ ਛੱਪੀ ਸੀ। ਹੁਣ ਇਹ ਪੰਜਾਬੀ ਰੂਪ ਵਿਚ ਪੇਸ਼ ਹੋਈ ਹੈ। ਇਸ ਦੇ ਅਨੁਵਾਦਕ (ਪੰਜਾਬੀ) ਵਰਿੰਦਰ ਸਿੰਘ ਹਨ। ਇਹ ਬਾਬਾ ਦੀਪ ਸਿੰਘ ਸ਼ਹੀਦ ਬਾਰੇ ਵੱਖ-ਵੱਖ ਸ੍ਰੋਤਾਂ ਤੇ ਹਵਾਲਿਆਂ 'ਤੇ ਆਧਾਰਿਤ ਪੁਸਤਕ ਹੈ। ਬਾਬਾ ਜੀ ਬਾਰੇ ਇਸ ਤਰ੍ਹਾਂ ਦੀ ਇਹ ਸ਼ਾਇਦ ਪਹਿਲੀ ਮੌਲਿਕ ਪੁਸਤਕ ਹੈ। ਬਾਬਾ ਦੀਪ ਸਿੰਘ ਜੀ ਸ਼ਹੀਦ ਬਾਰੇ ਪਹਿਲਾਂ ਲੇਖਾਂ/ਟ੍ਰੈਕਟਾਂ/ਪੱਤਰਕਾਵਾਂ ਦੇ ਰੂਪ ਵਿਚ ਹੀ ਕੁਝ ਜਾਣਕਾਰੀ ਮਿਲਦੀ ਹੈ, ਪਰ ਇਸ ਪੁਸਤਕ ਵਿਚ ਪਹਿਲੀ ਵਾਰ ਬਾਬਾ ਜੀ ਦੇ ਜੀਵਨ ਨੂੰ ਇਕ ਲੰਮੇ ਇਤਿਹਾਸਕ ਪਿਛੋਕੜ ਵਿਚ ਰੱਖ ਕੇ ਅਤੇ ਗੁਰਮਤਿ ਸਿਧਾਂਤ ਨਾਲ ਜੋੜ ਕੇ ਵਿਸਤ੍ਰਿਤ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਬਾਬਾ ਦੀਪ ਸਿੰਘ ਸ਼ਹੀਦ ਦਾ ਪਿੰਡ ਪਹੁਵਿੰਡ (ਤਹਿ. ਤੇ ਜ਼ਿਲ੍ਹਾ ਤਰਨ ਤਾਰਨ) ਸੀ/ਹੈ। ਲੇਖਕ ਦਾ ਆਪਣਾ ਪਿੰਡ ਵੀ ਪਹੁਵਿੰਡ ਹੈ। ਇਸ ਕਰਕੇ ਬਾਬਾ ਦੀਪ ਸਿੰਘ ਜੀ ਵਰਗੇ ਮਹਾਨ ਯੋਧੇ ਪ੍ਰਤੀ ਲੇਖਕ ਦਾ ਲਗਾਵ ਹੋਣਾ ਕੁਦਰਤੀ ਹੈ। ਲੇਖਕ ਦਾ ਪੁਸਤਕ ਦੇ ਨਾਮਕਰਣ ਅਤੇ ਅੰਦਰ ਦਿੱਤੇ ਵੇਰਵਿਆਂ ਤੋਂ ਬਾਬਾ ਜੀ ਬਾਰੇ ਵਿਸ਼ੇਸ਼ ਸਤਿਕਾਰ ਸਾਹਮਣੇ ਆਉਂਦਾ ਹੈ।




**ਪ੍ਰਕਾਸ਼ਕ**
ਸਿੰਘ ਬ੍ਰਦਰਜ਼ ਅੰਮ੍ਰਿਤਸਰ
ਸਾਲ : 2023
ਮੁੱਲ : 495
ਪੰਨੇ : 335

**ਰੀਵਿਊਕਾਰ**
**ਡਾ. ਮਹਿਲ ਸਿੰਘ**
ਪ੍ਰਿੰਸੀਪਲ
ਖ਼ਾਲਸਾ ਕਾਲਜ
ਅੰਮ੍ਰਿਤਸਰ
98722-66667

ਬਾਬਾ ਦੀਪ ਸਿੰਘ ਜੀ ਨੇ ਦੱਸਵੇਂ ਗੁਰੂ ਸਾਹਿਬਾਨ ਤੋਂ ਅੰਮ੍ਰਿਤ-ਪਾਨ ਕੀਤਾ ਸੀ। ਇਹ ਗੁਰਮਤਿ ਦੇ ਵੱਡੇ ਵਿਆਖਿਆਕਾਰ ਤੇ ਲਿਖਾਰੀ ਹੋਏ ਹਨ। ਇਹ ਗੁਰਮਤਿ ਦਾ ਨਾਮ ਸਿਮਰਨ ਤੇ ਜਸ-ਗਾਇਨ ਕਰਨ ਵਾਲੇ ਤਪੱਸਵੀ ਸਿੱਖ ਵਜੋਂ ਪ੍ਰਸਿੱਧ ਸਨ। ਇੰਨ੍ਹਾਂ ਨੇ ਹੀ ਦਮਦਮਾ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਚਾਰ ਬੀੜ੍ਹਾਂ ਆਪਣੇ ਕਰ-ਕਮਲਾਂ ਨਾਲ ਲਿਖੀਆਂ ਸਨ। ਇੰਨ੍ਹਾਂ ਦੇ ਨਾਂ ਨਾਲ ਬਹੁਤ ਪਹਿਲਾਂ ਬਾਬਾ ਸ਼ਬਦ ਜੁੜ ਗਿਆ ਸੀ। ਅਜੇਹਾ ਸ਼ਬਦ ਕਿਸੇ ਸ਼ਖ਼ਸੀਅਤ ਦੀ ਵੱਡੀ ਸਿਆਣਪ ਤੇ ਦਾਨਸ਼ਮੰਦੀ ਦਾ ਤਖ਼ੱਲੁਸ ਮੰਨਿਆ ਜਾਂਦਾ ਹੈ। ਲੇਖਕ ਮੁਤਾਬਕ ਬਾਬਾ ਦੀਪ ਸਿੰਘ ਜੀ ਨੇ ਬਹੁਤ ਸਾਰੀਆਂ ਲੜਾਈਆਂ ਬੰਦਾ ਸਿੰਘ ਬਹਾਦਰ ਦੀ ਅਗਵਾਈ ਹੇਠ ਲੜੀਆਂ ਸਨ। ਇਹ ਵੀ ਵਿਸ਼ਵਾਸ ਦਿੱਤਾ ਗਿਆ ਹੈ ਕਿ ਚਾਪੜ-ਚਿੜੀ ਦੇ ਸਥਾਨ 'ਤੇ ਵਜ਼ੀਰ ਖਾਂ ਦੀ ਫੌਜ ਨੂੰ ਹਰਾਉਣ ਵਿਚ ਬਾਬਾ ਦੀਪ ਸਿੰਘ ਜੀ ਦਾ ਵੱਡਾ ਰੋਲ ਸੀ। ਬਾਬਾ ਦੀਪ ਸਿੰਘ ਜੀ ਹਰ ਲੜ੍ਹਾਈ ਵਿਚ ਆਪਣੇ ਜੱਥੇ ਦੇ ਅੱਗੇ ਹੋ ਕੇ ਮੋਹਰੀ ਰੂਪ ਵਿਚ ਲੜਦੇ ਸਨ। ਇੰਨ੍ਹਾਂ ਦੇ ਨਾਂ ਨਾਲ ਜਿਊਂਦੇ-ਜੀਅ ਹੀ 'ਸ਼ਹੀਦ' ਦਾ ਤਖ਼ੱਲੁਸ ਜੁੜ ਗਿਆ ਸੀ। ਅਜੇਹਾ ਇੰਨ੍ਹਾਂ ਦੀ ਵੱਡੀ ਦਲੇਰੀ ਤੇ ਅਗਵਾਈ ਵਾਲੇ ਚਰਿੱਤਰ ਕਰਕੇ ਸੀ। ਇਹ ਆਪਣੇ ਸਮੇਂ ਦਾ 75 ਸਾਲਾਂ ਦੀ ਉਮਰ ਵਿਚ ਰਣ-ਮੈਦਾਨ ਅੰਦਰ ਖੰਡਾ ਵਾਹੁਣ ਵਾਲਾ ਇਕੋ-ਇਕ ਮਹਾਨ ਸੂਰਬੀਰ ਹੈ। ਇੰਨ੍ਹਾਂ ਨੇ ਮੁਗਲਾਂ ਦੇ ਕਬਜ਼ੇ ਤੋਂ ਹਰਿਮੰਦਰ ਸਾਹਿਬ ਨੂੰ ਆਜ਼ਾਦ ਕਰਵਾਉਣ ਸਮੇਂ ਲਾ-ਮਿਸਾਲ ਕੁਰਬਾਨੀ ਦਿੱਤੀ। ਇਸ ਕਰਕੇ ਸਿੱਖ ਇਤਿਹਾਸ ਦਾ ਇਹ ਇਕੋ-ਇਕ ਐਸਾ ਮਹਾਨ ਯੋਧਾ ਹੈ ਜੋ ਸੰਤ ਵੀ ਸੀ ਤੇ ਸਿਪਾਹੀ


ਵੀ। ਅਜੇਹਾ ਇੰਨ੍ਹਾਂ ਦੇ ਨਾਮ ਨਾਲ ਜੁੜੇ ਦੋਹਰੇ ਤਖ਼ੱਲਸਾ ਤੋਂ ਭਲੀ-ਭਾਂਤ ਜਾਣਿਆ ਤੇ ਸਮਝਿਆ ਜਾ ਸਕਦਾ ਹੈ। ਸਿੱਖ ਧਰਮ ਦੇ ਪ੍ਰਚਾਰ, ਪਾਸਾਰ ਤੇ ਬਚਾਅ ਲਈ ਸਾਰਾ ਜੀਵਨ ਸਰਗਰਮ ਰਹਿਣ ਵਾਲੇ ਅਜੇਹੇ ਯੋਧੇ ਬਾਰੇ ਇਕ ਥਾਂ ਪੁਸਤਕ ਰੂਪ ਵਿਚ ਲਿਖਤੀ ਸਮੱਗਰੀ ਇਕੱਤਰ ਹੋਣ ਦੀ ਖ਼ਾਸ ਮਹੱਤਤਾ ਹੈ। ਇਸ ਪੁਸਤਕ ਨੂੰ ਕਰਨਲ ਸਾਹਿਬ ਨੇ ਪ੍ਰੋਫ਼ੈਸ਼ਨਲ ਇਤਿਹਾਸਕਾਰ ਨਾ ਹੋਣ ’ਤੇ ਵੀ ਫੁੱਟ ਨੋਟ ਤੇ ਹਵਾਲਿਆਂ ਸਮੇਤ ਬਾਖ਼ੂਬੀ ਇਤਿਹਾਸ ਵਾਂਗ ਪੇਸ਼ ਕੀਤਾ ਹੈ। ਇਸ ਲਈ ਲੇਖਕ ਵਧਾਈ ਦੇ ਪਾਤਰ ਹਨ।

ਇਸ ਪੁਸਤਕ ਵਿਚ ‘ਤੱਤ ਖ਼ਾਲਸਾ’ ਤੇ ‘ਬੰਦਈ ਖ਼ਾਲਸਾ’ ਬਾਰੇ ਵੀ ਵਿਸਤ੍ਰਿਤ ਵੇਰਵੇ ਦਿੱਤੇ ਗਏ ਹਨ। ਇਸ ਸੰਬੰਧੀ ਪਹਿਲਾਂ ਵੀ ਵੱਖ-ਵੱਖ ਵਿਚਾਰ-ਚਰਚਾ ਚੱਲਦੀ ਰਹੀ ਹੈ ਤੇ ਅੱਗੇ ਵੀ ਚੱਲੇਗੀ। ਬਾਬਾ ਦੀਪ ਸਿੰਘ ਜੀ ਸ਼ਹੀਦ ਦੀ ‘ਸ਼ਹੀਦੀ’ ਬਾਰੇ ਵੀ ਕਈ ਹੋਰ ਹਵਾਲੇ ਮਿਲਦੇ ਹਨ। ਲੇਖਕ ਦੇ ਅਜੇਹੇ ਵੇਰਵਿਆਂ ਬਾਰੇ ਵੀ ਅੱਗੇ ਚਰਚਾ ਹੋ ਸਕਦੀ ਹੈ। ਇਸ ਕਰਕੇ ਇਹ ਸੰਵਾਦ ਨੂੰ ਅੱਗੇ ਤੋਰਨ/ਰਚਾਉਣ ਵਾਲੀ ਇਕ ਪੁਸਤਕ ਹੈ। ਅਠਾਰ੍ਹਵੀਂ ਸਦੀ ਵਿਚ ਮਾਝੇ ਦੇ ਅਜੇਹੇ ਮਹਾਂਨਾਇਕ ਬਾਰੇ ਲਿਖੀ ਗਈ ਇਸ ਪੁਸਤਕ ਦਾ ਸਵਾਗਤ ਕਰਨਾ ਬਣਦਾ ਹੈ। ਅਜੇਹੇ ਮਹਾਂਨਾਇਕਾ ਦੀ ਦੇਣ ਸਦਕਾ ਹੀ ਸਿੱਖ ਲਹਿਰ ਮਹਾਰਾਜਾ ਰਣਜੀਤ ਸਿੰਘ ਦੇ ਰਾਜਭਾਗ ਤਕ ਪਹੁੰਚੀ ਸੀ। ਇਸ ਨੂੰ ਪੜ੍ਹਨ ਨਾਲ ਸਾਨੂੰ ਬਾਬਾ ਦੀਪ ਸਿੰਘ ਜੀ ਬਾਰੇ ਬਹੁਤ ਸਾਰੀ ਵਿਸਤ੍ਰਿਤ ਤੇ ਨਵੀਂ ਜਾਣਕਾਰੀ ਮਿਲਦੀ ਹੈ। ਇਹ ਆਮ ਪੰਜਾਬੀ/ਸਿੱਖ ਪਾਠਕਾਂ ਲਈ ਹੀ ਨਹੀਂ ਖੋਜਾਰਥੀਆਂ ਲਈ ਵੀ ਇਕ ਲਾਹੇਵੰਦ ਪੁਸਤਕ ਹੈ।

◈

ਸੰਵਾਦ-19 (ਜਨਵਰੀ-ਜੂਨ 2024) ISSN : 2395-1273 **www.sanvad.org**

# ਬੁਰਜ਼ ਖ਼ਲੀਫ਼ਾ/ਗੁਰਪ੍ਰੀਤ ਸਹਿਜੀ




**ਪ੍ਰਕਾਸ਼ਕ**
ਰੰਗਰੇਜ਼ ਪਬਲੀਕੇਸ਼ਨ
ਐਂਡ ਫ਼ਿਕਰਨੋਟ
ਮੁਕਤਸਰ ਸਾਹਿਬ
ਸਾਲ : 2023
ਮੁੱਲ : 495
ਪੰਨੇ : 252

**ਰੀਵਿਊਕਾਰ**
ਡਾ. ਮਹਿਲ ਸਿੰਘ
ਪ੍ਰਿੰਸੀਪਲ, ਖ਼ਾਲਸਾ
ਕਾਲਜ ਅੰਮ੍ਰਿਤਸਰ
98722-66667
khalsacollegeamristar@
yahoo.com

ਇਹ ਗੁਰਜੀਤ ਤੂਤ ਨਾਂ ਦੇ ਕਬੱਡੀ ਖਿਡਾਰੀ ਦੇ ਜੀਵਨ ਉੱਤੇ ਆਧਾਰਿਤ ਜੀਵਨੀ ਮੂਲਕ ਨਾਵਲ ਹੈ। ਨਾਵਲ ਵਿਚ ਖਿਡਾਰੀ ਦੇ ਜੀਵਨ ਵਿਚ ਆਉਂਦੀਆਂ ਆਮ ਮੁਸ਼ਕਿਲਾਂ ਦਾ ਜ਼ਿਕਰ ਹੈ। ਗੁਰਜੀਤ ਪਿੰਡ ਤੋਂ ਉੱਠ ਕੇ ਜਗਤ ਪ੍ਰਸਿੱਧ ਕਬੱਡੀ ਖਿਡਾਰੀ ਬਣ ਜਾਂਦਾ ਹੈ। ਇਹ ਇਕ ਸਹਿਜਭਾਵੀ ਬਿਰਤਾਂਤਕ ਰਚਨਾ ਹੈ। ਪਰ ਬਿਰਤਾਂਤ ਵਿਚ ਨਾ ਡੂੰਘ ਹੈ, ਨਾ ਹੀ ਨਾਵਲੀ ਕਹਾਣੀ ਬਹੁ-ਪਰਤੀ ਤੇ ਬਹੁ-ਦਿਸ਼ਾਵੀ ਹੈ। ਇਸਦਾ ਲਹਿਜ਼ਾ ਇਕ ਲੰਬੀ ਕਹਾਣੀ ਵਰਗਾ ਹੈ। ਨਾਵਲ ਵਿਚ ਨਾ ਕੋਈ ਤਣਾਅ ਹੈ, ਨਾ ਟਕਰਾਅ ਅਤੇ ਨਾ ਹੀ ਕੋਈ ਨਾਟਕੀਪਣ। ਇਸ ਕਰਕੇ ਪਾਠਕ ਨੂੰ ਨਾਵਲ ਵਿਚ ਦਿਲਚਸਪੀ ਬਣਾਏ ਰੱਖਣ ਵਿਚ ਵੱਡੀ ਮੁਸ਼ੱਕਤ ਕਰਨੀ ਪੈਂਦੀ ਹੈ। ਨਾਵਲ ਦੇ ਕੇਂਦਰੀ ਪਾਤਰ ਨੂੰ ਕੋਈ ਵਿਸ਼ੇਸ਼ ਮੁਸ਼ਕਲ ਜਾਂ ਸਮੱਸਿਆ ਨਹੀਂ ਹੈ। ਇਹ ਸਹਿਜੇ ਹੀ ਪੌੜੀ-ਦਰ-ਪੌੜੀ ਆਪਣੀ ਪ੍ਰਸਿੱਧੀ ਦੀਆਂ ਮੰਜ਼ਿਲਾਂ ਤਹਿ ਕਰ ਲੈਂਦਾ ਹੈ। ਸਾਹਿਤ ਵਿਚ ਜੀਵਨ ਦਾ ਕੋਈ ਵੀ ਖੇਤਰ ਹੋਵੇ, ਸੁਪਨਿਆਂ ਜਾਂ ਖਾਹਿਸ਼ਾਂ ਦੀ ਪੂਰਤੀ ਏਨੀ ਸੌਖੀ ਕਦਾਚਿਤ ਨਹੀਂ ਹੁੰਦੀ ਹੈ। ਉਂਜ ਖੇਡ ਜਗਤ ਦੇ ਕਿਸੇ ਨਾਮਵਰ ਖਿਡਾਰੀ ’ਤੇ ਨਾਵਲ ਲਿਖਣਾ ਇਕ ਸ਼ੁੱਭ ਸੰਕੇਤ ਹੈ।

ਇਹ ਮੁੱਖ ਤੌਰ ’ਤੇ ਇਕੋ ਪਾਤਰ ਦੁਆਲੇ ਸਿਰਜਿਆ ਬਿਰਤਾਂਤ ਹੈ। ਗੁਰਪ੍ਰੀਤ ਸਹਿਜੀ ਡੇਢ ਦਰਜਨ ਰਚਨਾਵਾਂ ਰਚ ਕੇ ਵੀ ਅਜੇ ਤਕ ਆਮ ਪਹਿਚਾਣ ਵਾਲਾ ਲੇਖਕ ਹੈ। ਇਸ ਦੀਆਂ ਲਿਖਤਾਂ ਦੇ ਵਿਸ਼ਿਆਂ ਵਿਚ ਵੰਨ-ਸੁਵੰਨਤਾ ਤਾਂ ਹੈ ਪਰ ਵਿਕਾਸ ਨਹੀਂ। ਮੁੱਖ ਤੌਰ ’ਤੇ ਲੇਖਕ ਜਿਥੋਂ ਆਪਣਾ ਸਾਹਿਤਕ ਸਫ਼ਰ ਆਰੰਭ ਕਰਦਾ ਹੈ, ਅਜੇ ਤਕ ਉਥੇ ਹੀ ਖੜ੍ਹਾ ਮਹਿਸੂਸ ਹੁੰਦਾ ਹੈ। ਇਸ ਤਰ੍ਹਾਂ ਅਜਿਹੀਆਂ ਰਚਨਾਵਾਂ ਆਪਣੀ ਵਿਧਾ ਵਿਚ ਗੁਣਾਤਮਕ ਨਹੀਂ ਕੇਵਲ ਗਿਣਾਤਮਕ ਵਾਧਾ ਹੀ ਹੁੰਦੀਆਂ ਹਨ।

◈